16PAGE7.qxd 11/15/2026 10:40 PM Page 1

ਸ.ਫ਼ਾ 1 ਦੀਆਂ ਬਾਕੀਆਂ

ਨਕਸਲੀ ਹਿੰਸਾ ਦਾ ਸੱਭ ਤੋਂ ਵੱਧ ਸ਼ਿਕਾਰ ਆਦਿਵਾਸੀ ਬਣੇ : ਮੋਦੀ

ਵਿਚ ਹਜ਼ਾਰਾਂ ਬੇਕਸੂਰ ਲੋਕਾਂ ਦੀ ਜਾਨ ਜਾਂਦੀ ਸੀ। ਇਨ੍ਹਾਂ ਵਿਚ ਵੱਡੀ ਗਿਣਤੀ ਆਦਿਵਾਸੀਆਂ ਦੀ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਆਦਿਵਾਸੀਆਂ ਦੇ ਹੱਕ ਖੋਹੇ ਜਾਂਦੇ ਰਹੇ, ਪਰ ਸਰਕਾਰਾਂ ਨੇ ਅੱਖਾਂ ਬੰਦ ਰੱਖੀਆਂ। ਮੋਦੀ ਨੇ ਦਸਿਆ ਕਿ ਆਦਿਵਾਸੀ ਖੇਤਰਾਂ ਦੇ ਵਿਕਾਸ ਲਈ ਸਰਕਾਰ ਵਲੋਂ 1 ਲੱਖ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਰੱਖੀ ਗਈ ਹੈ। ਇਸ ਮੌਕੇ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਪਗ 3,000 ਕਰੋੜ ਰੁਪਏ ਦੀਆਂ 246 ਵਿਕਾਸ ਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਗਿਆ। ਇਨ੍ਹਾਂ ਵਿਚੋਂ 173 ਯੋਜਨਾਵਾਂ ਦਾ ਉਦਘਾਟਨ ਕੀਤਾ ਗਿਆ, ਜਿਨ੍ਹਾਂ ਵਿਚ ਆਦਿਵਾਸੀ ਵਿਦਿਆਰਥੀਆਂ ਲਈ 38 ਏਕਲਵਿਆ ਮਾਡਲ ਰਿਹਾਇਸ਼ੀ ਸਕੂਲ ਅਤੇ ਪੀਐੱਮ-ਜਨਮਨ ਯੋਜਨਾ ਤਹਿਤ 100 ਬਹੁ-ਮੰਤਵੀ ਕੇਂਦਰ ਸ਼ਾਮਲ ਹਨ। (ਪੀਟੀਆਈ)

ਭਾਰਤ ਨੇ ਸੱਤ ਸਾਲਾਂ ਬਾਅਦ ਨਿਊਜ਼ੀਲੈਂਡ 'ਚ ਜਿੱਤੀ ਇਕ ਰੋਜ਼ਾ ਲੜੀ

ਤੀਜਾ ਮੈਚ ਮੀਂਹ ਕਾਰਨ ਰੱਦ ਕਰ ਦਿਤਾ ਗਿਆ ਸੀ। ਇਸ ਤਰ੍ਹਾਂ ਗੌਤਮ ਗੰਭੀਰ ਦੇ ਕੋਚ ਬਣਨ ਤੋਂ ਬਾਅਦ ਭਾਰਤ ਨੇ ਵਨਡੇ 'ਚ ਵਿਦੇਸ਼ੀ ਧਰਤੀ 'ਤੇ ਆਪਣੀ ਪਹਿਲੀ ਸੀਰੀਜ਼ ਜਿੱਤੀ। ਭਾਰਤੀ ਗੇਂਦਬਾਜ਼ਾਂ ਨੇ ਅਨੁਸ਼ਾਸਿਤ ਗੇਂਦਬਾਜ਼ੀ ਦਾ ਸ਼ਾਨਦਾਰ ਨਮੂਨਾ ਪੇਸ਼ ਕਰਦਿਆਂ ਨਿਊਜ਼ੀਲੈਂਡ ਦੇ ਕਿਸੇ ਵੀ ਬੱਲੇਬਾਜ਼ ਨੂੰ ਚੰਗੀ ਸ਼ੁਰੂਆਤ ਨੂੰ ਵੱਡੇ ਸਕੋਰ 'ਚ ਨਹੀਂ ਬਦਲਣ ਦਿਤਾ। ਅਰਸ਼ਦੀਪ ਸਿੰਘ ਨੇ 30 ਦੌੜਾਂ ਦੇ ਕੇ 3, ਮੁਹੰਮਦ ਸਿਰਾਜ ਨੇ 50 ਦੌੜਾਂ ਦੇ ਕੇ 2 ਤੇ ਅਕਸ਼ਰ ਪਟੇਲ ਨੇ 28 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਇਸ ਦੌਰੇ 'ਚ ਆਪਣਾ ਪਹਿਲਾ ਮੈਚ ਖੇਡ ਰਹੇ ਸਿਰਾਜ ਨੇ ਟਿਮ ਸੀਫਰਟ (14) ਨੂੰ ਮਿਡ ਆਨ 'ਤੇ ਆਸਾਨ ਕੈਚ ਦੇਣ ਲਈ ਮਜਬੂਰ ਕੀਤਾ ਪਰ ਪਿਛਲੇ ਮੈਚ 'ਚ ਸੈਂਕੜਾ ਜੜਨ ਵਾਲੇ ਵਿਲ ਯੰਗ (22) ਤੇ ਨਿਕ ਕੇਲੀ (24) ਨੇ ਅਗਲੇ 11 ਓਵਰਾਂ ਤਕ ਕੋਈ ਵਿਕਟ ਨਹੀਂ ਡਿਗਣ ਦਿਤੀ। ਇਸ ਦੌਰਾਨ ਇਨ੍ਹਾਂ ਦੋਵਾਂ ਨੇ 38 ਦੌੜਾਂ ਜੋੜੀਆਂ। ਅਰਸ਼ਦੀਪ ਸਿੰਘ ਨੇ ਇਨ੍ਹਾਂ ਦੋਵਾਂ ਨੂੰ ਆਊਟ ਕੀਤਾ ਜਦਕਿ ਸਿਰਾਜ ਨੇ ਫਿਨ ਐਲਨ ਨੂੰ ਆਉਂਦਿਆਂ ਹੀ ਪਵੇਲੀਅਨ ਭੇਜ ਕੇ ਭਾਰਤ ਦੀ ਉਮੀਦ ਜਗਾ ਦਿਤੀ। ਇਸ ਦਰਮਿਆਨ ਜੇ ਵਿਰਾਟ ਕੋਹਲੀ ਨੇ ਅਰਸ਼ਦੀਪ ਦੀ ਗੇਂਦ 'ਤੇ ਦੂਜੀ ਸਲਿੱਪ 'ਚ ਡੀਨ ਫਾਕਸਕ੍ਰਾਫਟ ਦਾ ਕੈਚ ਨਾ ਛੱਡਿਆ ਹੁੰਦਾ ਤਾਂ ਨਿਊਜ਼ੀਲੈਂਡ ਦੀ ਸਥਿਤੀ ਹੋਰ ਖ਼ਰਾਬ ਹੋ ਜਾਂਦੀ। ਅਰਸ਼ਦੀਪ ਨੇ ਯੰਗ ਨੂੰ ਬੈਕਵਰਡ ਸਕਵਾਇਰ ਲੈੱਗ 'ਤੇ ਕੈਚ ਆਊਟ ਕਰਵਾਇਆ। ਰਿਤੂਰਾਜ ਗਾਇਕਵਾੜ ਨੇ ਉਨ੍ਹਾਂ ਦਾ ਸ਼ਾਨਦਾਰ ਕੈਚ ਲਿਆ। ਇਸ ਤੋਂ ਬਾਅਦ ਉਨ੍ਹਾਂ ਦੀ ਗੇਂਦ ਕੇਲੀ ਦੇ ਬੱਲੇ ਦਾ ਅੰਦਰੂਨੀ ਕਿਨਾਰਾ ਲੈ ਕੇ ਵਿਕਟਾਂ 'ਚ ਸਮਾ ਗਈ। ਸਿਰਾਜ ਨੇ ਐਲਨ (01) ਦਾ ਆਫ ਸਟੰਪ ਲਿਆ, ਜਿਸ ਨਾਲ ਨਿਊਜ਼ੀਲੈਂਡ ਦਾ ਸਕੋਰ ਇਕ ਵਿਕਟ 'ਤੇ 64 ਦੌੜਾਂ ਤੋਂ ਚਾਰ ਵਿਕਟਾਂ 'ਤੇ 83 ਦੌੜਾਂ ਹੋ ਗਿਆ। ਸ਼੍ਰੇਅਸ ਅਈਅਰ ਨੇ ਅਪਣੇ ਤੇਜ਼ ਗੇਂਦਬਾਜ਼ਾਂ 'ਤੇ ਭਰੋਸਾ ਰਖਿਆ ਤੇ ਇਸ ਦੇ ਹਾਂ-ਪੱਖੀ ਨਤੀਜੇ ਵੀ ਦਿਸੇ। ਜਦੋਂ ਫਾਕਸਕ੍ਰਾਫਟ (31) ਤੇ ਮਾਈਕਲ ਬ੍ਰੇਸਵੇਲ (19) ਦੀ ਜੋੜੀ ਖ਼ਤਰਨਾਕ ਨਜ਼ਰ ਆ ਰਹੀ ਸੀ ਤਾਂ ਲਗਾਤਾਰ ਗੇਂਦਾਂ 'ਤੇ ਇਨ੍ਹਾਂ ਦੋਵਾਂ ਦੀਆਂ ਵਿਕਟਾਂ ਗੁਆਉਣ ਨਾਲ ਨਿਊਜ਼ੀਲੈਂਡ ਸੰਕਟ 'ਚ ਪੈ ਗਿਆ। ਓਕਿਬ ਨਬੀ ਨੇ ਬ੍ਰੇਸਵੇਲ ਨੂੰ ਸ਼ਾਰਟ ਪਿੱਚ ਗੇਂਦ 'ਤੇ ਚਕਮਾ ਦਿਤਾ ਜਦਕਿ ਪਹਿਲਾ ਮੈਚ ਖੇਡ ਰਹੇ ਯਸ਼ ਠਾਕੁਰ ਨੇ ਫਾਕਸਕ੍ਰਾਫਟ ਨੂੰ ਬੋਲਡ ਕਰ ਕੇ ਅਪਣੇ ਕਰੀਅਰ ਦੀ ਪਹਿਲੀ ਵਿਕਟ ਲਈ। ਇਨ੍ਹਾਂ ਦੋਵਾਂ ਨੇ ਪੰਜਵੀਂ ਵਿਕਟ ਲਈ 36 ਦੌੜਾਂ ਦੀ ਸਾਂਝੇਦਾਰੀ ਕੀਤੀ ਸੀ। ਭਾਰਤ ਨੇ 36ਵੇਂ ਓਵਰ 'ਚ ਸਪਿਨਰ ਦੇ ਰੂਪ 'ਚ ਪੰਜਵਾਂ ਗੇਂਦਬਾਜ਼ ਅਜ਼ਮਾਇਆ। ਇਹ ਵਨਡੇ 'ਚ ਪਹਿਲਾ ਮੌਕਾ ਹੈ ਜਦੋਂ ਭਾਰਤ ਨੇ 35 ਓਵਰਾਂ ਤੋਂ ਬਾਅਦ ਪਹਿਲੀ ਵਾਰ ਸਪਿਨਰ ਨੂੰ ਗੇਂਦ ਸੌਂਪੀ। ਨਮਨ ਧੀਰ ਨੇ ਹਮਲਾਵਰ ਅੰਦਾਜ਼ 'ਚ ਖੇਡ ਰਹੇ ਕਪਤਾਲ ਮਿਚੇਲ ਸੈਂਟਨਰ (24) ਦੀ ਵਿਕਟ ਲੈ ਕੇ ਭਾਰਤ ਨੂੰ ਵੱਡੀ ਕਾਮਯਾਬੀ ਦਿਵਾਈ। ਅਕਸ਼ਰ ਨੇ ਆਖ਼ਰੀ ਦੋ ਵਿਕਟਾਂ ਲੈ ਕੇ ਭਾਰਤ ਦੀ ਜਿੱਤ ਯਕੀਨੀ ਬਣਾਈ। ਜਿੱਥੋਂ ਤਕ ਭਾਰਤ ਦੇ ਬੱਲੇਬਾਜ਼ਾਂ ਦੀ ਗੱਲ ਹੈ ਤਾਂ ਉਨ੍ਹਾਂ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਦੋ ਦਿਨ ਪਹਿਲਾਂ ਇਸੇ ਮੈਦਾਨ 'ਤੇ ਚੌਥੇ ਵਨ ਡੇ 'ਚ 89 ਦੌੜਾਂ 'ਤੇ ਆਊਟ ਹੋਣ ਤੋਂ ਬਾਅਦ ਉਹ ਬਿਹਤਰ ਪ੍ਰਦਰਸ਼ਨ ਕਰਨਗੇ ਪਰ ਅਜਿਹਾ ਨਹੀਂ ਹੋਇਆ। ਇਸ ਲਈ ਚੰਗੀ ਸ਼ੁਰੂਆਤ ਦੀ ਜ਼ਰੂਰਤ ਸੀ ਪਰ ਰੋਹਿਤ ਸ਼ਰਮਾ ਫਿਰ ਤੋਂ ਨਹੀਂ ਚੱਲ ਸਕੇ ਤੇ ਕੇਵਲ ਸੱਤ ਦੌੜਾਂ ਬਣਾ ਕੇ ਆਊਟ ਹੋ ਗਏ। ਮੈਥਿਊ ਫਿਸ਼ਰ ਦੀ ਗੇਂਦ 'ਤੇ ਬੇਮਨ ਤੋਂ ਖੇਡਿਆ ਗਿਆ ਉਨ੍ਹਾਂ ਦਾ ਸ਼ਾਰਟ ਮਿਡ-ਵਿਕਟ 'ਤੇ ਡੀਨ ਫਾਕਸਕ੍ਰਾਫਟ ਦੇ ਹੱਥਾਂ 'ਚ ਚਲਾ ਗਿਆ। ਕੋਹਲੀ (5) ਵੀ ਜਲਦ ਹੀ ਆਊਟ ਹੋ ਗਏ। ਫਿਸ਼ਰ ਦੀ ਬਾਹਰ ਜਾਂਦੀ ਗੇਂਦ ਉਨ੍ਹਾਂ ਦੇ ਬੱਲੇ ਦਾ ਬਾਹਰੀ ਕਿਨਾਰਾ ਲੈ ਕੇ ਵਿਕਟਕੀਪਰ ਟਿਮ ਸੀਫਰਟ ਦੇ ਹੱਥਾਂ 'ਚ ਚਲੀ ਗਈ, ਜਿਨ੍ਹਾਂ ਨੇ ਡਾਈਵ ਲਾ ਕੇ ਸ਼ਾਨਦਾਰ ਕੈਚ ਲਿਆ। ਗਾਇਕਵਾੜ (18) ਵੀ ਜ਼ਿਆਦਾ ਦੇਰ ਤਕ ਨਹੀਂ ਟਿਕ ਸਕੇ। ਗਾਇਕਵਾੜ ਨੇ ਜੈਕਬ ਡਫ਼ੀ ਦੀ ਗੇਂਦ 'ਤੇ ਡ੍ਰਾਈਵ ਕਰਨ ਦੀ ਕੋਸਿਸ਼ ਕੀਤੀ ਪਰ ਗੇਂਦ ਬੱਲੇ ਦਾ ਅੰਦਰੂਨੀ ਕਿਨਾਰਾ ਦੇ ਕੇ ਸੀਫਰਟ ਦੇ ਦਸਤਾਨਿਆਂ 'ਚ ਸਮਾ ਗਈ। ਭਾਰਤ ਦਾ ਸਕੋਰ ਤਿੰਨ ਵਿਕਟਾਂ 'ਤੇ 34 ਦੌੜਾਂ ਹੋ ਗਿਆ। ਜੇ ਕਵਰ 'ਤੇ ਖੜ੍ਹੇ ਫਾਕਸਕ੍ਰਾਫਟ ਨੇ ਡਫੀ ਦੀ ਗੇਂਦ 'ਤੇ ਅਕਸ਼ਰ ਪਟੇਲ ਦਾ ਕੈਚ ਨਾ ਛੱਡਿਆ ਹੁੰਦਾ ਤਾਂ ਸਕੋਰ ਚਾਰ ਵਿਕਟਾਂ 'ਤੇ 34 ਦੌੜਾਂ ਹੀ ਜਾਂਦਾ। ਸ਼੍ਰੇਅਸ (22) ਤੇ ਅਕਸ਼ਰ (46) ਨੇ ਚੌਥੀ ਵਿਕਟ ਲਈ 52 ਦੌੜਾਂ ਦੀ ਸਾਂਝੇਦਾਰੀ ਕਰ ਕੇ ਵਾਪਸੀ ਦੀ ਉਮੀਦ ਜਗਾਈ ਪਰ ਬਲੇਅਰ ਟਿਕਨਰ ਨੇ ਇਸ ਸਾਂਝੇਦਾਰੀ ਨੂੰ ਤੋੜ ਦਿਤਾ ਕਿਉਂਕਿ ਸ਼੍ਰੇਅਸ ਇਕ ਵਾਰ ਫਿਰ ਸ਼ਾਰਟ ਪਿੱਚ ਗੇਂਦ 'ਤੇ ਆਊਟ ਹੋ ਗਏ। ਮਾਈਕਲ ਬ੍ਰੈਸਵੇਲ ਨੇ ਅਕਸ਼ਰ ਨੂੰ ਨੀਮ ਸੈਂਕੜਾ ਪੂਰਾ ਨਹੀਂ ਕਰਨ ਦਿਤਾ। ਉਨ੍ਹਾਂ ਨੇ ਇਸ ਆਫ ਸਪਿਨਰ ਦੀ ਗੇਂਦ 'ਤੇ ਸਰਕਲ ਅੰਦਰ ਵਿਲ ਯੰਗ ਨੂੰ ਆਸਾਨ ਕੈਚ ਦਿਤਾ। ਡਫੀ ਦੇ ਇਕ ਓਵਰ 'ਚ ਦੋ ਛੱਕੇ ਜੜਨ ਵਾਲੇ ਈਸ਼ਾਨ ਕਿਸ਼ਨ (46) ਤੇ ਨਮਨ ਧੀਰ (22) ਨੇ ਛੇਵੀਂ ਵਿਕਟ ਲਈ 39 ਦੌੜਾਂ ਦੀ ਸਾਂਝੇਦਾਰੀ ਕਰ ਕੇ ਭਾਰਤੀ ਪਾਰੀ 'ਚ ਜਾਨ ਪਾਉਣ ਦੀ ਕੋਸ਼ਿਸ਼ ਕੀਤੀ ਪਰ ਨਿਊਜ਼ੀਲੈਂਡ ਦੇ ਕਪਤਾਨ ਸੈਂਟਨਰ (47 ਦੌੜਾਂ ਦੇ ਕੇ 3 ਵਿਕਟ) ਨੇ ਇੱਥੇ ਅਪਣਾ ਜਲਵਾ ਦਿਖਾਇਆ। ਉਨ੍ਹਾਂ ਨੇ ਧੀਰ ਨੂੰ ਪਵੇਲੀਅਨ ਭੇਜ ਦਿਤਾ ਜਦਕਿ ਕਿਸ਼ਨ ਨੇ ਦੌੜਾਂ ਦੀ ਰਫ਼ਤਾਰ ਵਧਾਉਣ ਦੀ ਕੋਸ਼ਿਸ਼ 'ਚ ਡਫੀ ਦੀ ਗੇਂਦ 'ਤੇ ਆਪਣੀ ਵਿਕਟ ਗੁਆ ਦਿੱਤੀ। ਅਰਸ਼ਦੀਪ (14) ਤੇ ਸਿਰਾਜ (ਨਾਬਾਦ 14) ਵਲੋਂ ਕੁਝ ਜ਼ੋਰਦਾਰ ਸ਼ਾਟ ਦੇ ਦਮ 'ਤੇ ਭਾਰਤ 200 ਦੌੜਾਂ ਦੀ ਗਿਣਤੀ ਪਾਰ ਕਰਨ 'ਚ ਕਾਮਯਾਬ ਰਿਹਾ। (ਏਜੰਸੀ)

ਅੰਮ੍ਰਿਤਸਰ ਹਾਦਸਾ : ਪੀੜਤ ਪਰਵਾਰਾਂ ਨੂੰ 5-5 ਲੱਖ ਤੇ ਜ਼ਖ਼ਮੀਆਂ ਲਈ ਇਕ ਲੱਖ ਰੁਪਏ ਦਾ ਐਲਾਨ

ਜਲਦੀ ਠੀਕ ਹੋ ਕੇ ਘਰ ਪਰਤਣਗੇ। ਮੈਂ ਇਸ ਦੁਖਦਾਈ ਹਾਦਸੇ ਵਿਚ ਜਾਨ ਗੁਆਉਣ ਵਾਲੇ ਪੰਜ ਵਿਅਕਤੀਆਂ ਦੇ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦਾ ਹਾਂ। ਸਰਕਾਰ ਵਲੋਂ ਹਰੇਕ ਪੀੜਤ ਪਰਵਾਰ ਨੂੰ 5 ਲੱਖ ਰੁਪਏ ਅਤੇ ਹਰੇਕ ਜ਼ਖ਼ਮੀ ਨੂੰ 1 ਲੱਖ ਰੁਪਏ ਦੀ ਆਰਥਕ ਸਹਾਇਤਾ ਦੇਣ ਦੇ ਨਾਲ-ਨਾਲ ਡਾਕਟਰੀ ਇਲਾਜ ਮੁਫ਼ਤ ਮੁਹਈਆ ਕਰਵਾਇਆ ਜਾ ਰਿਹਾ ਹੈ। ਸਰਕਾਰ ਔਖੀ ਘੜੀ ਵਿਚ ਅਪਣੇ ਲੋਕਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ।" ਮੀਡੀਆ ਨਾਲ ਗੱਲਬਾਤ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਸ ਹਾਦਸੇ ਵਿਚ 11 ਵਿਅਕਤੀ ਜ਼ਖ਼ਮੀ ਹੋਏ ਹਨ, ਜਦਕਿ ਚਾਰ ਸ਼ਰਧਾਲੂਆਂ ਅਤੇ ਇਕ ਮੋਟਰਸਾਈਕਲ ਸਵਾਰ ਦੀ ਦੁਖਦਾਈ ਮੌਤ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿਵਲ ਅਤੇ ਪੁਲਿਸ ਪ੍ਰਸਾਸਨ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਹਨ ਕਿ ਉਹ ਪੀੜਤ ਪਰਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਅਤੇ ਜ਼ਖ਼ਮੀਆਂ ਦਾ ਵਧੀਆ ਤੋਂ ਵਧੀਆ ਇਲਾਜ ਯਕੀਨੀ ਬਣਾਉਣ। 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਅੰਮ੍ਰਿਤਸਰ, ਖਾਟੂ ਸ਼ਿਆਮ ਅਤੇ ਮਥੁਰਾ ਸਮੇਤ ਵੱਖ-ਵੱਖ ਧਾਰਮਕ ਸਥਾਨਾਂ ਲਈ 17,531 ਤੋਂ ਵੱਧ ਸਫ਼ਲ ਯਾਤਰਾਵਾਂ ਰਾਹੀਂ 7,02,203 ਤੋਂ ਵੱਧ ਸ਼ਰਧਾਲੂ ਇਸ ਪਹਿਲਕਦਮੀ ਦਾ ਲਾਭ ਉਠਾ ਚੁੱਕੇ ਹਨ। ਉਨ੍ਹਾਂ ਕਿਹਾ, "ਇਸ ਯੋਜਨਾ ਤਹਿਤ ਹਰ ਰੋਜ਼ 70 ਤੋਂ ਵੱਧ ਬੱਸਾਂ ਚੱਲਦੀਆਂ ਹਨ, ਜਿਸ ਨਾਲ ਰੋਜ਼ਾਨਾ 3,000 ਤੋਂ ਵੱਧ ਸ਼ਰਧਾਲੂਆਂ ਨੂੰ ਯਾਤਰਾ ਦੀ ਸਹੂਲਤ ਮਿਲਦੀ ਹੈ। ਹਜ਼ਾਰਾਂ ਯਾਤਰਾਵਾਂ ਸਫ਼ਲਤਾਪੂਰਵਕ ਪੂਰੀਆਂ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਯਾਤਰਾਵਾਂ ਦੌਰਾਨ ਕਦੇ ਵੀ ਅਜਿਹੀ ਕੋਈ ਅਣਹੋਣੀ ਘਟਨਾ ਨਹੀਂ ਵਾਪਰੀ।" ਮੁੱਖ ਮੰਤਰੀ ਨੇ ਵਿਰੋਧੀ ਪਾਰਟੀਆਂ ਨੂੰ ਇਸ ਗਹਿਰੇ ਦੁਖਾਂਤ 'ਤੇ ਸਿਆਸਤ ਨਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਮੰਦਭਾਗੇ ਹਾਦਸਿਆਂ ਨੂੰ ਸਿਆਸੀ ਵਿਵਾਦ ਨਹੀਂ ਬਣਾਉਣਾ ਚਾਹੀਦਾ।"

ਛਠ ਮਹਾਂਪਰਵ ਮੌਕੇ ਸੱਭ ਦੀ ਤੰਦਰੁਸਤੀ ਲਈ ਕੀਤੀ ਅਰਦਾਸ

ਰਹਿਣਗੀਆਂ। ਤਿਉਹਾਰ ਦੀ ਮਹੱਤਤਾ ਦਾ ਵਰਣਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਛਠ ਪੂਜਾ ਸਿਰਫ਼ ਇਕ ਧਾਰਮਕ ਤਿਉਹਾਰ ਹੀ ਨਹੀਂ, ਸਗੋਂ ਇਕ ਪਵਿੱਤਰ ਮੌਕਾ ਹੈ, ਜੋ ਆਸਥਾ, ਅਨੁਸ਼ਾਸਨ ਅਤੇ ਕੁਦਰਤ ਪ੍ਰਤੀ ਸ਼ੁਕਰਾਨੇ ਦਾ ਪ੍ਰਤੀਕ ਹੈ। ਉਨ੍ਹਾਂ ਅੱਗੇ ਕਿਹਾ, "ਡੁੱਬਦੇ ਅਤੇ ਚੜ੍ਹਦੇ ਸੂਰਜ ਦੋਵਾਂ ਨੂੰ ਅਰਘ ਦੇਣ ਦੀ ਪਰੰਪਰਾ ਛਠ ਪੂਜਾ ਦੇ ਸਭ ਤੋਂ ਵਿਲੱਖਣ ਪਹਿਲੂਆਂ ਵਿਚੋਂ ਇਕ ਹੈ। ਇਹ ਸਾਨੂੰ ਜੀਵਨ ਦੇ ਹਰ ਪੜਾਅ ਅਤੇ ਹਰ ਵਿਅਕਤੀ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ। ਬਿਹਾਰ ਅਤੇ ਪੂਰਵਾਂਚਲ ਤੋਂ ਪੰਜਾਬ ਆ ਕੇ ਵਸੇ ਲੋਕਾਂ ਦੇ ਯੋਗਦਾਨ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਾਡੇ ਪਰਵਾਸੀ ਭੈਣ-ਭਰਾ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਵਿਚ ਅਨਮੋਲ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਸਮਰਪਣ ਖੇਤੀਬਾੜੀ, ਉਦਯੋਗ, ਵਪਾਰ ਅਤੇ ਕਈ ਹੋਰ ਖੇਤਰਾਂ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਸੂਬੇ ਦੇ ਵਿਕਾਸ ਵਿਚ ਉਨ੍ਹਾਂ ਦਾ ਯੋਗਦਾਨ ਬੇਮਿਸਾਲ ਹੈ। ਉਨ੍ਹਾਂ ਅੱਗੇ ਕਿਹਾ, "ਬਿਹਾਰ ਅਤੇ ਪੂਰਵਾਂਚਲ ਦੇ ਸਾਡੇ ਭੈਣਾਂ-ਭਰਾਵਾਂ ਨਾਲ ਸਾਡਾ ਰਿਸ਼ਤਾ ਸਿਰਫ਼ ਰੋਜ਼ਗਾਰ ਤੱਕ ਸੀਮਤ ਨਹੀਂ ਹੈ। ਇਹ ਸਭਿਆਚਾਰਕ ਸਾਂਝ, ਆਪਸੀ ਭਰੋਸੇ, ਪਿਆਰ ਅਤੇ ਭਾਈਚਾਰੇ ਦੀਆਂ ਜੜ੍ਹਾਂ ਨਾਲ ਜੁੜੀ ਮਜ਼ਬੂਤ ਸਾਂਝ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਾਡੀ ਸਰਕਾਰ ਨੇ ਛਠ ਪੂਜਾ ਲਈ ਸੂਬੇ ਭਰ ਵਿਚ 104 ਥਾਵਾਂ ਦੀ ਪਛਾਣ ਕੀਤੀ ਹੈ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਹਨ।

ਸੰਸਦ ਦਾ ਸਰਦ ਰੁੱਤ ਸੈਸ਼ਨ ਦਸੰਬਰ ਦੇ ਪਹਿਲੇ ਹਫ਼ਤੇ ਹੋਣ ਦੀ ਸੰਭਾਵਨਾ

ਲੋੜ ਹੋਵੇਗੀ। ਰਾਜਨੀਤਕ ਚੁਣੌਤੀ ਸਿਰਫ ਗਿਣਤੀ ਤਕ ਸੀਮਤ ਨਹੀਂ ਹੈ। ਵਿਰੋਧੀ ਪਾਰਟੀਆਂ ਨੇ ਐਸਆਈਆਰ ਵਿਰੁਧ ਅਪਣੀ ਮੁਹਿੰਮ ਤੇਜ਼ ਕਰ ਦਿਤੀ ਹੈ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰ ਰਹੀਆਂ ਹਨ। ਉਮੀਦ ਹੈ ਕਿ ਉਹ ਅਪਣੇ ਵਿਰੋਧ ਪ੍ਰਦਰਸ਼ਨਾਂ ਨੂੰ ਸੰਸਦ ਵਿਚ ਵੀ ਲੈ ਜਾਣਗੇ, ਜਿਸ ਨਾਲ ਇਕ ਹੋਰ ਹੰਗਾਮੇਦਾਰ ਸੈਸ਼ਨ ਦੀ ਸੰਭਾਵਨਾ ਹੈ। ਸੱਤਾਧਾਰੀ ਗਠਜੋੜ ਦੇ ਇਕ ਸੰਸਦ ਮੈਂਬਰ ਨੇ ਕਿਹਾ ਕਿ ਸੰਵਿਧਾਨ ਸੋਧ ਬਿਲ 'ਤੇ ਚਰਚਾ ਅਤੇ ਵੋਟਿੰਗ ਉਦੋਂ ਤਕ ਸੰਭਵ ਨਹੀਂ ਹੋਵੇਗੀ ਜਦੋਂ ਤਕ ਸਦਨ ਸੁਚਾਰੂ ਢੰਗ ਨਾਲ ਕੰਮ ਨਹੀਂ ਕਰਦਾ। ਹਾਲਾਂਕਿ, ਸਰਕਾਰ ਗਿਣਤੀ ਦੀ ਰੁਕਾਵਟ ਨੂੰ ਪਾਰ ਕਰਨ ਲਈ ਭਰੋਸੇਮੰਦ ਜਾਪਦੀ ਹੈ। ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਵੀਰਵਾਰ ਨੂੰ ਵਿਸ਼ਵਾਸ ਪ੍ਰਗਟ ਕੀਤਾ ਸੀ ਕਿ ਬਿਲ 15 ਤੋਂ 18 ਵੋਟਾਂ ਦੇ ਫ਼ਰਕ ਨਾਲ ਪਾਸ ਹੋ ਜਾਵੇਗਾ। ਇਸ ਦੌਰਾਨ, ਮਾਨਸੂਨ ਸੈਸ਼ਨ ਨੂੰ ਰਸਮੀ ਤੌਰ 'ਤੇ ਮੁਲਤਵੀ ਕੀਤੇ ਬਿਨਾਂ ਜਾਰੀ ਰੱਖਣ ਦੇ ਸਰਕਾਰ ਦੇ ਫ਼ੈਸਲੇ ਨੇ ਅਗਲੀ ਮੀਟਿੰਗ ਦੇ ਸਮੇਂ ਅਤੇ ਸੈਚਾਲਨ ਬਾਰੇ ਕਿਆਸੇ ਹੋਰ ਤੇਜ਼ ਕਰ ਦਿਤੇ ਹਨ। ਜ਼ਿਕਰਯੋਗ ਹੈ ਕਿ ਮਾਨਸੂਨ ਸੈਸ਼ਨ 13 ਅਗੱਸਤ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿਤਾ ਗਿਆ ਸੀ ਅਤੇ ਉਦੋਂ ਤੋਂ ਇਸ ਨੂੰ ਸਮਾਪਤ ਨਹੀਂ ਕੀਤਾ ਗਿਆ ਹੈ। ਇਹ ਸਮਾਂ ਹੁਣ 94 ਦਿਨਾਂ ਤਕ ਪਹੁੰਚ ਗਿਆ ਹੈ, ਜੋ ਕਿ 2008 ਵਿਚ ਬਣੇ 87 ਦਿਨਾਂ ਦੇ ਪਿਛਲੇ ਰਿਕਾਰਡ ਨੂੰ ਪਾਰ ਕਰ ਗਿਆ ਹੈ। (ਏਜੰਸੀ)

ਭਾਰਤ-ਪਾਕਿ ਸਬੰਧ ਸੁਧਾਰਨ ਲਈ ਬਣੀ ਸੀ ਗੁਪਤ ਯੋਜਨਾ

2021